**BUDHA DAL PUBLIC SCHOOL, PATIALA**

**FINAL EXAMINATION (3 March 2026)**

**Punjabi (Set - B)**

**Class - V**

Time: 3 hrs. MM: 80

ਨੋਟ:

ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਯਤਨ ਕਰੋ।

## ਵਿਆਕਰਨ

ਪ੍ਰ1. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ। (3)

ਭਠਿਆਰਾ, ਨਵਾਬ, ਸਾਧ, ਨਾਇਕ, ਪੁਜਾਰੀ, ਵਰ

ਪ੍ਰ2. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ। (3)

ਥਾਂ, ਭਾਸ਼ਾ, ਅਰਜ਼ੀ, ਚੇਲਾ, ਮਿਹਰ, ਮਿੱਤਰ

ਪ੍ਰ3. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ। (3)

ਕਪੁੱਤਰ, ਸੁਭਾਗਾ, ਆਸ਼ਾ, ਘਰੇਲੂ, ਜੰਗਲੀ, ਧਨੀ

ਪ੍ਰ4. ਹੇਠਾਂ ਦਿੱਤੇ ਸ਼ਬਦਾਂ ਦੇ ਦੋ-ਦੋ ਅਰਥ ਦੱਸ ਕੇ ਵਾਕ ਬਣਾਉ। (ਬਹੁਅਰਥਕ ਸ਼ਬਦ) (4)

ਹਾਰ, ਉੱਤਰ

ਪ੍ਰ5. ਹੇਠ ਲਿਖੇ ਮੁਹਾਵਰਿਆਂ ਦੇ ਸਹੀ ਅਰਥ ਚੁਣ ਕੇ ਲਿਖੋ। (5)

(ਬਹੁਤ ਖ਼ੁਸ਼ ਹੋਣਾ, ਸਹਾਰਾ ਦੇਣਾ, ਹਰਾਉਣਾ, ਝੂਠੀ ਖੁਸ਼ਾਮਦ ਕਰਨੀ, ਮਜ਼ਬੂਰੀ ਵਿੱਚ ਕੰਮ ਕਰਨਾ)

1. ਗਲ਼ ਪਿਆ ਢੋਲ ਵਜਾਉਣਾ
2. ਦੰਦ ਖੱਟੇ ਕਰਨਾ
3. ਬਾਂਹ ਫੜਨੀ
4. ਫੂਕ ਦੇਣੀ
5. ਫੁੱਲ - ਫੁੱਲ ਬਹਿਣਾ

ਪ੍ਰ6. ਹੇਠਾਂ ਦਿੱਤੇ ਅਖਾਣ ਪੂਰੇ ਕਰੋ। (5)

1. ਘਰ ਦਾ .................... ਲੰਕਾ ਢਾਹੇ।
2. ਇੱਕ ਅਨਾਰ ਸੌ .....................।
3. ਨੇਕੀ ਕਰ .................. ਵਿੱਚ ਪਾ।
4. ਸੱਦਾ ਨਾ ਬੁਲਾਈ, ਮੈਂ ................. ਦੀ ਤਾਈ।
5. ਨਵਾਂ ਨੌਂ ਦਿਨ, ............... ਸੌ ਦਿਨ।

ਪ੍ਰ7. ਹੇਠ ਲਿਖੇ ਵਾਕਾਂ ਦੀਆਂ ਕਿਸਮਾਂ ਦੇ ਨਾਂ ਲਿਖੋ। (5)

1. ਬੱਚੇ ਖੇਡ ਰਹੇ ਹਨ।
2. **ਵਾਹ!** ਕਿੰਨਾ ਸੋਹਣਾ ਫੁੱਲ ਹੈ।
3. ਕੀ ਤੁਹਾਡੇ ਪਿਤਾ ਜੀ ਡਾਕਟਰ ਹਨ?
4. ਬਜ਼ਾਰ ਵਿੱਚ ਭੀੜ ਨਹੀਂ ਸੀ।
5. ਸਿਮਰਨ ਸਿਆਣੀ ਬੱਚੀ ਹੈ।

Scanned with OKEN Scanner

ਪ੍ਰ8. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਗਾਉ। (5)

1. ਅਗੇਤਰ ਲੱਗਦੇ ਹਨ?

   ੳ) ਮੂਲ ਸ਼ਬਦਾਂ ਦੇ ਪਿੱਛੇ ਅ) ਮੂਲ ਸ਼ਬਦਾਂ ਦੇ ਅੱਗੇ

2. 'ਕਾਰੀ' ਪਿਛੇਤਰ ਲੱਗਾ ਸ਼ਬਦ ਹੈ।

   ੳ) ਮੀਨਾਕਾਰੀ ਅ) ਹਰਕਾਰੀ

3. 'ਸ' ਅਗੇਤਰ ਲੱਗਾ ਸ਼ਬਦ ਹੈ।

   ੳ) ਸਰਗਰਮ ਅ) ਸਰੂਪ

4. ਸਜਾਵਟ ਸ਼ਬਦ ਵਿੱਚ 'ਵਟ' ਪਿਛੇਤਰ ਲੱਗਾ ਹੈ।

   ੳ) ਸਹੀ ਅ) ਗਲਤ

5. ਅਣਹੋਂਦ ਸ਼ਬਦ ਵਿੱਚ 'ਅਣ' ਅਗੇਤਰ ਹੈ।

   ੳ) ਸਹੀ ਅ) ਗਲਤ

## ਪੜ੍ਹਨ-ਕੌਸ਼ਲ

ਪ੍ਰ9. ਹੇਠਾਂ ਦਿੱਤੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ। (5)

ਪੰਜਾਬ ਇੱਕ ਖ਼ੂਬਸੂਰਤ ਰਾਜ ਹੈ ਜੋ ਆਪਣੀ ਮਹਿਮਾਨਨਵਾਜ਼ੀ ਅਤੇ ਖੇਤੀਬਾੜੀ ਲਈ ਮਸ਼ਹੂਰ ਹੈ। ਇੱਥੋਂ ਦੇ ਲੋਕ ਮਿਹਨਤੀ ਹੁੰਦੇ ਹਨ। ਪੰਜਾਬ ਦੀ ਧਰਤੀ ਉਪਜਾਊ ਹੈ। ਜਿਸ ਉੱਤੇ ਗੰਨਾ, ਚੌਲ ਅਤੇ ਕਣਕ ਕਾਫ਼ੀ ਮਾਤਰਾ ਵਿੱਚ ਉੱਗਦੇ ਹਨ। ਪੰਜਾਬ ਦੇ ਲੋਕ ਤਿਉਹਾਰਾਂ ਨੂੰ ਬੜੇ ਚਾਅ ਨਾਲ ਮਨਾਉਂਦੇ ਹਨ। ਵਿਸਾਖੀ, ਲੋਹੜੀ, ਦੀਵਾਲੀ, ਦੁਸਹਿਰਾ ਆਦਿ ਇੱਥੋਂ ਦੇ ਪ੍ਰਸਿੱਧ ਤਿਉਹਾਰ ਹਨ। ਪੰਜਾਬੀ ਲੋਕ ਗੀਤ, ਲੋਕ ਨਾਚ ਅਤੇ ਭੰਗੜੇ ਦੇ ਸ਼ੌਕੀਨ ਹੁੰਦੇ ਹਨ। ਪੰਜਾਬ ਦੀ ਸੱਭਿਆਚਾਰਕ ਰੂਹ ਇਸਦੇ ਗੀਤਾਂ, ਪਹਿਰਾਵੇ ਅਤੇ ਰੀਤੀ-ਰਿਵਾਜਾਂ ਵਿੱਚ ਵਸਦੀ ਹੈ।

1. ਪੰਜਾਬ ਕਿਸ ਲਈ ਮਸ਼ਹੂਰ ਹੈ?
2. ਪੰਜਾਬੀ ਦੀ ਧਰਤੀ ਉੱਤੇ ਕਿਹੜੀਆਂ ਫ਼ਸਲਾਂ ਉੱਗਦੀਆਂ ਹਨ?
3. ਪੰਜਾਬ ਦੇ ਲੋਕ ਕਿਸ ਚੀਜ਼ ਨੂੰ ਬੜੇ ਚਾਅ ਨਾਲ ਮਨਾਉਂਦੇ ਹਨ।
4. ਪੰਜਾਬੀ ਲੋਕ ਕਿਸ ਚੀਜ਼ ਦੇ ਸ਼ੌਕੀਨ ਹਨ?
5. ਪੰਜਾਬ ਦੀ ਸੱਭਿਆਚਾਰਕ ਰੂਹ ਕਿੱਥੇ ਵਸਦੀ ਹੈ?

## ਪਾਠ-ਪੁਸਤਕ ਤੇ ਅਧਾਰਿਤ

ਪ੍ਰ10. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ। (4)

ਕਿਤਾਬ, ਫ਼ਿਕਰ, ਚਾਣਚੱਕ, ਨੇਮ

ਪ੍ਰ11. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ। (3)

ਹਸਪਤਾਲ, ਨਦੀ, ਸੁਪਨਾ

ਪ੍ਰ12. ਹੇਠਾਂ ਲਿਖੇ ਵਾਕਾਂ ਵਿੱਚ ਖਾਲੀ ਥਾਂ ਭਰੋ। (5)

(ਅਕਲ, ਭੁੱਖ, ਨੌਕਰੀ, ਵੱਡਾ, ਭਰਾ)

1. ਬੰਟੀ ਦੇ ਮੰਮੀ-ਪਾਪਾ ਦੋਵੇਂ ਹੀ .............. ਕਰਦੇ ਸਨ।
2. ਬੰਟੀ ਬੇਬੀ ਨਾਲੋਂ .............. ਸੀ।
3. ਬਚਨ ਨੇ ............. ਤੋਂ ਕੰਮ ਲਿਆ।
4. ਗੁਰਬੀਰ ਸਤਬੀਰ ਦਾ ਵੱਡਾ ........... ਸੀ।
5. ਚਿੜੀ ਨੂੰ ਬੜੀ ................. ਲੱਗੀ ਸੀ।

Scanned with OKEN Scanner

ਪ੍ਰ13. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗਲਤ ਲਿਖੋ। (5)

1. ਬੰਟੀ ਦੇ ਪਾਪਾ ਹਰ-ਰੋਜ਼ ਚੰਡੀਗੜ੍ਹ ਜਾਂਦੇ ਸਨ।
2. ਚਿੜੀ ਅਤੇ ਹਾਥੀ ਦੇ ਮੁਕਾਬਲੇ ਵਿੱਚ ਹਾਥੀ ਜਿੱਤਿਆ।
3. ਬਚਨ ਨੇ ਹਾਥੀ ਪਾਲਿਆ ਹੋਇਆ ਸੀ।
4. ਹਾਥੀ ਦੀ ਪੇਂਟਿੰਗ ਮਹਾਵਤ ਨੇ ਬਣਵਾਈ।
5. ਬੇਬੀ ਬਹੁਤ ਸਿਆਣੀ ਸੀ।

ਪ੍ਰ14. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦੋ-ਤਿੰਨ ਸਤਰਾਂ ਵਿੱਚ ਦਿਓ। (ਕੋਈ ਚਾਰ) (8)

1. ਬੰਟੀ ਨੂੰ ਸੋਹਣਾ ਸਬਕ ਕਿਸਨੇ ਸਿਖਾ ਦਿੱਤਾ?
2. ਬਚਨ ਨੇ ਗੁੱਸੇ ਵਿੱਚ ਮਹਾਵਤ ਨੂੰ ਕੀ ਕਹਿ ਦਿੱਤਾ?
3. ਬੰਟੀ ਦੇ ਮੰਮੀ ਦਫ਼ਤਰ ਮੋਪੇਡ 'ਤੇ ਕਿਉਂ ਜਾਂਦੇ ਸਨ?
4. ਹਾਥੀ ਦੀ ਪੇਂਟਿੰਗ ਕਿਹੋ ਜਿਹੀ ਸੀ?
5. ਬਚਨ ਹਾਥੀ ਦੇ ਕੰਨ ਵਿੱਚ ਕੀ ਰੱਖ ਦਿੰਦਾ ਸੀ?

ਪ੍ਰ15. ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ। (4)

"ਬਾਗਾਂ ਵਿੱਚੋਂ ਲੰਘੀ ਪੌਣ ਫੁੱਲ ਖਿੜ ਜਾਣਗੇ,
ਰੰਗਾਂ ਤੇ ਸੁਗੰਧੀਆਂ ਦੇ ਗੀਤ ਛਿੜ ਜਾਣਗੇ।
ਇੱਕੋ ਸੁਰ ਇੱਕੋ ਬੋਲੀ ਇੱਕੋ ਗੱਲ ਆਖਦੇ,
ਖਿੜ੍ਹੇ ਹੋਏ ਫੁੱਲ ਸੋਹਣੇ ਚੇਤਰ-ਵੈਸਾਖ ਦੇ।
ਮੌਸਮ ਬਹਾਰ ਦਾ ਮਨ ਖਿੱਚ ਲੈਂਦਾ ਸਭ ਦਾ,
ਵਰਖਾ ਦੀ ਰੁੱਤ ਮਨ ਮੋਰ ਵਾਂਗੂ ਨੱਚਦਾ।"

ਪ੍ਰ1. ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ?
ਪ੍ਰ2. ਬਾਗਾਂ ਵਿੱਚੋਂ ਪੌਣ ਲੰਘਣ ਤੇ ਕੀ ਹੁੰਦਾ ਹੈ?
ਪ੍ਰ3. ਸੋਹਣੇ ਖਿੜੇ ਫੁੱਲ ਕਿਸ ਰੁੱਤ ਦੇ ਹਨ?
ਪ੍ਰ4. ਵਰਖਾ ਰੁੱਤ ਵਿੱਚ ਮਨ ਕਿਸ ਵਾਂਗ ਨੱਚਦਾ ਹੈ?

## ਲਿਖਣ-ਕੌਸ਼ਲ

ਪ੍ਰ16. ਆਪਣੇ ਪਿਤਾ ਜੀ ਕੋਲੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ। (6)

ਜਾਂ

ਆਪਣੇ ਮਿੱਤਰ/ ਸਹੇਲੀ ਨੂੰ ਉਸਦੇ ਪਾਸ ਹੋਣ ਉੱਤੇ ਵਧਾਈ ਪੱਤਰ ਲਿਖੋ।

ਪ੍ਰ17. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (7)

ਅਨੁਸ਼ਾਸਨ ਦੀ ਲੋੜ

ਨੁਕਤੇ:

ਜਾਣ-ਪਛਾਣ, ਅਨੁਸ਼ਾਸਨ ਦੀ ਸ਼ੁਰੂਆਤ, ਅਨੁਸ਼ਾਸਨ ਦੀ ਪਾਲਣਾ, ਅਨੁਸ਼ਾਸਨ ਦੀ ਲੋੜ, ਸਾਰੰਸ਼।

ਜਾਂ

ਅੱਖੀਂ ਡਿੱਠਾ ਫੁੱਟਬਾਲ ਮੈਚ

ਨੁਕਤੇ:

ਜਾਣ-ਪਛਾਣ, ਮੈਚ ਦੇਖਣ ਜਾਣਾ, ਟਾਸ ਜਿੱਤਣਾ, ਮੈਚ ਦਾ ਸ਼ੁਰੂ ਹੋਣਾ ਅਤੇ ਅੱਧਾ ਸਮਾਂ, ਟੀਮ ਦਾ ਮੈਚ ਜਿੱਤਣਾ, ਜੇਤੂ ਟੀਮ ਦਾ ਸਵਾਗਤ।

Scanned with OKEN Scanner